ਗਵਾਹ ਵਜੋਂ

# ਵਿਸ਼ੇਸ਼ ਉਹਾਉ ਦਾ ਇਸਤੇਮਾਲ

ਫ਼ੌਜਦਾਰੀ ਅਤੇ ਬੱਚਿਆਂ ਦੇ ਕੇਸਾਂ ਦੀ ਸੁਣਵਾਈ ਕਰ ਰਹੀਆਂ ਅਦਾਲਤਾਂ ਦੀ ਕਾਰਵਾਈ ਬਾਰੇ ਬਾਲਗ਼ ਗਵਾਹਾਂ ਲਈ ਇਕ ਕਿਤਾਬਚੀ

ਬੇਨਤੀ ਕਰਨ ਤੇ ਇਸ ਦਸਤਾਵੇਜ਼ ਦੀਆਂ ਹੋਰ ਕਾਪੀਆਂ, ਆਡਿਓ, ਵੱਡੇ ਪ੍ਰਿੰਟ ਫ਼ਾਰਮੈਟ ਅਤੇ ਭਾਈਚਾਰਕ ਭਾਸ਼ਾਵਾਂ ਵਿਚ ਉਪਲਬਧ ਹਨ।
ਕਿਰਪਾ ਕਰਕੇ 0131 244 2213 ਨਾਲ ਸੰਪਰਕ ਕਰੋ।

© ਕ੍ਰਾਉਨ ਕਾੱਪੀਰਾਈਟ 2006

ਇਹ ਦਸਤਾਵੇਜ਼ ਸਕਾਟਿਸ਼ ਐਗਜ਼ੈਕਟਿਵ ਵੈਬਸਾਈਟ (Scottish Executive website) ਤੇ ਵੀ ਉਪਲਬਧ ਹੈ :
www.scotland.gov.uk

Astron B44303 04/06 (Punjabi)

ਇਹ ਦਸਤਾਵੇਜ਼ ਮੂਲ ਦਸਤਾਵੇਜ਼ ਦੀ ਬਿਲਕੁਲ ਸਹੀ ਨਕਲ ਮੰਨੀ ਗਈ ਹੈ।

ਹੋਰ ਕਾਪੀਆਂ ਹੇਠ ਲਿਖੇ ਪਤੇ ਤੋਂ ਵੀ ਮਿਲ ਸਕਦੀਆਂ ਹਨ
Blackwell's Bookshop
53 South Bridge
Edinburgh
EH1 1YS

ਟੈਲੀਫ਼ੋਨ ਆਰਡਰ ਅਤੇ ਪੁੱਛਗਿੱਛ
0131 622 8283 ਜਾਂ 0131 622 8258

ਫ਼ੈਕਸ ਆਰਡਰਸ
0131 557 8149

ਈ-ਮੇਲ ਆਰਡਰਸ
business.edinburgh@blackwell.co.uk

9 780755 950799
ISBN 0-7559-5079-8

**w w w . s c o t l a n d . g o v . u k**

**ਗਵਾਹ ਵਜੋਂ**

**ਵਿਸ਼ੇਸ਼ ਉਪਾਉ ਦਾ ਇਸਤੇਮਾਲ**

ਫ਼ੌਜਦਾਰੀ ਅਤੇ ਬੱਚਿਆਂ ਦੇ ਕੇਸਾਂ ਦੀ ਸੁਣਵਾਈ ਕਰ ਰਹੀਆਂ ਅਦਾਲਤਾਂ ਦੀ ਕਾਰਵਾਈ ਬਾਰੇ ਬਾਲਗ਼ ਗਵਾਹਾਂ ਲਈ ਇਕ ਕਿਤਾਬਚੀ

ਇਸ  ਕਿਤਾਬਚੀ ਵਿਚ ਇਸਤੇਮਾਲ ਕੀਤੀਆਂ ਗਈਆਂ ਤਸਵੀਰਾਂ ਸਕਾਟਿਸ਼ ਐਗਜ਼ੈਕਟਿਵ (Scottish Executive) 'ਬੀਇੰਗ ਏ ਵਿਟਨਸ' (Being a Witness) ਸੀਡੀ-ਰੋਮ – ਜੋ ਬੱਚਿਆਂ ਅਤੇ ਅਸੁਰੱਖਿਅਤ ਬਾਲਗ਼ ਗਵਾਹਾਂ ਲਈ ਇਕ ਗਾਈਡ ਹੈ, ਵਿਚੋਂ ਲਈਆਂ ਗਈਆਂ ਹਨ।

ਜਿਸ ਜਿਸ ਨੇ ਇਸਦੀ ਤਿਆਰੀ ਵਿਚ ਹਿੱਸਾ ਲਿਆ ਹੈ, ਉਨ੍ਹਾਂ ਸਭ ਦਾ ਵਿਸ਼ੇਸ਼ ਰੂਪ ਵਿਚ ਧੰਨਵਾਦ।

# ਤਤਕਰਾ


| | |
|---|---|
| ਭੂਮਿਕਾ | 2 |
| ਇਕ ਵਲਨਰਏਬਲ ਗਵਾਹ ਕੌਣ ਹੈ ? | 3 |
| ਗਵਾਹੀ ਦੇਣ ਵਾਲੇ ਵਲਨਰਏਬਲ ਗਵਾਹਾਂ ਲਈ ਉਪਲਬਧ ਵਿਸ਼ੇਸ਼ ਉਪਾ | 6 |
| ਵਿਸ਼ੇਸ਼ ਉਪਾ – ਸਕਰੀਨ ਦਾ ਇਸਤੇਮਾਲ ਕਰਨਾ | 9 |
| ਵਿਸ਼ੇਸ਼ ਉਪਾ – ਇਕ ਟੈਲੀਵਿਯਨ ਲਿੰਕ ਦਾ ਇਸਤੇਮਾਲ ਕਰਨਾ | 10 |
| ਵਿਸ਼ੇਸ਼ ਉਪਾ – ਸਹਾਇਤਾ ਦੇਣ ਵਾਲੇ ਵਿਅਕਤੀ ਦਾ ਸਹਾਰਾ ਲੈਣਾ | 12 |
| ਵਿਸ਼ੇਸ਼ ਉਪਾ – ਪਹਿਲਾਂ ਦਿੱਤੇ ਇਕ ਬਿਆਨ ਦਾ ਇਸਤੇਮਾਲ ਕਰਨਾ | 15 |
| ਵਿਸ਼ੇਸ਼ ਉਪਾ – ਇਕ ਕਮਿਸ਼ਨਰ ਵਲੋਂ ਲਈ ਗਈ ਗਵਾਹੀ | 16 |
| ਤੁਹਾਡੇ ਵਿਚਾਰ | 18 |

# ਭੂਮਿਕਾ

ਗਵਾਹ ਹੋਣ ਦਾ ਅਨੁਭਵ ਨਵਾਂ ਅਤੇ ਓਪਰਾ ਜਿਹਾ ਲਗਣ ਦੀ ਸੰਭਾਵਨਾ ਹੁੰਦੀ ਹੈ।

ਕਈ ਗਵਾਹ ਆਪਣੇ ਆਪ ਨੂੰ ਵਿਸ਼ੇਸ਼ ਤੌਰ ਤੇ ਆਪਣੇ ਹਾਲਾਤ ਕਾਰਣ ਜਾਂ ਜਿਸ ਤਰ੍ਹਾਂ ਦੀ ਗਵਾਹੀ ਉਨ੍ਹਾਂ ਨੂੰ ਅਦਾਲਤ ਵਿਚ ਦੇਣ ਲਈ ਕਿਹਾ ਜਾਏਗਾ, ਵਲਨਰਏਬਲ (ਅਸੁਰੱਖਿਅਤ, ਖ਼ਤਰੇ ਦੀ ਮਾਰ ਵਿਚ) ਸਮਝਦੇ ਹਨ।

ਅਜਿਹਾ ਵਲਨਰਏਬਲ ਗਵਾਹਾਂ ਨੂੰ ਆਪਣੀ ਗਵਾਹੀ ਦੇਣ ਲਈ ਸਹਾਇਤਾ ਕਰਨ ਲਈ ਕਈ ਤਰੀਕੇ ਹਨ ਅਤੇ ਇਨ੍ਹਾਂ ਨੂੰ ਵਿਸ਼ੇਸ਼ ਉਪਾ ਕਿਹਾ ਜਾਂਦਾ ਹੈ।

ਸਭ ਗਵਾਹਾਂ ਨੂੰ ਲੀਫ਼ਲੈਟ ਜਾਂ ਇਕ ਕਿਤਾਬਚੀ ਰਾਹੀਂ ਪਹਿਲਾਂ ਹੀ ਇਸ ਬਾਰੇ ਜਾਣਕਾਰੀ ਦੇ ਦਿੱਤੀ ਗਈ ਹੋਣੀ ਚਾਹੀਦੀ ਹੈ ਕਿ ਗਵਾਹ ਹੋਣ ਦਾ ਅਰਥ ਕੀ ਹੁੰਦਾ ਹੈ ਅਤੇ ਕੋਰਟ ਵਿਚ ਕਿਸ ਤਰ੍ਹਾਂ ਜਾਈਦਾ ਹੈ।

ਇਹ ਕਿਤਾਬਚੀ ਉਨ੍ਹਾਂ ਬਾਲਗ਼ ਗਵਾਹਾਂ ਨੂੰ ਜਾਣਕਾਰੀ ਉਪਲਬਧ ਕਰਦੀ ਹੈ, ਜੋ ਗਵਾਹੀ ਦੇਣ ਵਿਚ ਉਨ੍ਹਾਂ ਦੀ ਸਹਾਇਤਾ ਲਈ ਇਸਤੇਮਾਲ ਕੀਤੇ ਜਾਂਦੇ ਵਿਸ਼ੇਸ਼ ਉਪਾਉ ਪ੍ਰਤੀ ਵਧ ਸੰਵੇਦਨਸ਼ੀਲ ਹੋ ਸਕਦੇ ਹਨ।

ਇਹ ਕਿਤਾਬਚੀ ਤੁਹਾਨੂੰ ਦੱਸੇਗੀ ਕਿ ਇਹ ਵਿਸ਼ੇਸ਼ ਉਪਾ ਕਿਹੜੇ ਹਨ ਅਤੇ ਉਹ ਤੁਹਾਡੀ ਸਹਾਇਤਾ ਕਿਵੇਂ ਕਰ ਸਕਦੇ ਹਨ।

# ਇਕ ਵਲਨਰਏਬਲ ਗਵਾਹ ਕੌਣ ਹੈ ?

ਸਭ ਤੋਂ ਵਧ ਵਲਨਰਏਬਲ ਗਵਾਹਾਂ ਦੀ ਸਹਾਇਤਾ ਲਈ ਸਕਾਟਿਸ਼ ਪਾਰਲੀਮੈਂਟ (Scottish Parliament) ਨੇ 2004 ਵਿਚ ਇਕ ਕਾਨੂੰਨ ਪਾਸ ਕੀਤਾ ਹੈ। 'ਵਲਨਰਏਬਲ ਵਿਟਨੈਸਿਸ (ਸਕਾਟਲੈਂਡ) ਐਕਟ [Vulnerable Witnesses (Scotland) Act] ਦਾ ਉਦੇਸ਼ ਉਨ੍ਹਾਂ ਗਵਾਹਾਂ ਦੀ ਸਹਾਇਤਾ ਲਈ ਉਪਲਬਧ ਮੌਜੂਦਾ ਉਪਾਉ ਨੂੰ ਬਿਹਤਰ ਕਰਨਾ ਹੈ, ਜੋ ਖ਼ਾਸ ਤੌਰ ਤੇ ਵਲਨਰਏਬਲ ਹਨ, ਉਪਲਬਧ ਮੌਜੂਦਾ ਉਪਾਉ ਨੂੰ ਬਿਹਤਰ ਕਰਨਾ ਹੈ, ਤਾਂ ਜੋ ਉਹ ਆਪਣੀ ਗਵਾਹੀ ਜਿੰਨਾਂ ਸੰਭਵ ਹੋ ਸਕੇ, ਉਨੀ ਸਹੀ ਤਰ੍ਹਾਂ ਦੇ ਸਕਣ।

**ਕੋਰਟ ਉਨ੍ਹਾਂ ਗਵਾਹਾਂ ਨੂੰ ਖ਼ਾਸ ਤੌਰ ਤੇ ਵਲਨਰਏਬਲ ਸਮਝ ਸਕਦੀ ਹੈ, ਜਿਨ੍ਹਾਂ ਦੀ ਗਵਾਹੀ ਦੀ ਕੁਆਲਿਟੀ ਤੇ ਕਿਸੇ ਮਾਨਸਿਕ ਗੜਬੜੀ ਜਾਂ ਡਰ ਜਾਂ ਆਪਣੀ ਗਵਾਹੀ ਨਾਲ ਸੰਬੰਧਿਤ ਕਿਸੇ ਤਣਾਅ ਕਾਰਣ ਅਸਰ ਪੈ ਸਕਦਾ ਹੈ।**

**ਮਾਨਸਿਕ ਬੇਤਰਤੀਬੀ ਦਾ ਭਾਵ ਮਾਨਸਿਕ ਬੀਮਾਰੀ ਜਾਂ ਕੁਝ ਸਿੱਖਣ ਵਿਚ ਅਸਮੱਰਥਾ ਵੀ ਹੋ ਸਕਦਾ ਹੈ। ਡਰ ਜਾਂ ਤਣਾਅ ਕਈ ਵੱਖ ਵੱਖ ਚੀਜ਼ਾਂ ਕਰਕੇ ਪੈਦਾ ਹੋ ਸਕਦੇ ਹਨ।**

**ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਇਕ ਵਲਨਰਏਬਲ ਗਵਾਹ ਹੋ, ਤਾਂ ਤੁਸੀਂ ਇਸ ਬਾਰੇ ਉਸ ਵਿਅਕਤੀ ਨਾਲ ਚਰਚਾ ਕਰੋ, ਜਿਸਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ (ਪ੍ਰੋਕਿਉਰੇਟਰ ਫ਼ਿਸਕਲ, ਬੱਚਿਆਂ ਦਾ ਰਿਪੋਰਟਰ ਜਾਂ ਕੇਸ ਦਾ ਵਕੀਲ) ਉਹ ਤੁਹਾਡੇ ਹਾਲਾਤ ਬਾਰੇ ਤੁਹਾਡੇ ਨਾਲ ਵਿਚਾਰ ਵਟਾਂਦਰਾ ਕਰਨਗੇ ਅਤੇ ਵੇਖਣਗੇ ਕਿ ਕੀ ਕੋਰਟ ਨੂੰ ਇਹ ਅਰਜ਼ੀ ਦੇਣੀ ਉਚਿਤ ਹੋਏਗੀ ਕਿ ਤੁਹਾਡੇ ਲਈ ਵਿਸ਼ੇਸ਼ ਉਪਾਉ ਇਸਤੇਮਾਲ ਕੀਤੇ ਜਾਣ।**

## ਵਿਸ਼ੇਸ਼ ਉਪਾ ਦਾ ਇਸਤੇਮਾਲ

ਜੇ ਤੁਹਾਨੂੰ ਤਲਬ ਕਰਨ ਵਾਲਾ ਵਿਅਕਤੀ ਸੋਚਦਾ ਹੈ ਕਿ ਤੁਹਾਨੂੰ ਕਾਨੂੰਨ ਦੀਆਂ ਧਾਰਾਵਾਂ ਤਹਿਤ ਇਕ ਵਲਨਰਏਬਲ ਗਵਾਹ ਸਮਝਿਆ ਜਾ ਸਕਦਾ ਹੈ, ਤਾਂ ਉਹ ਇਸ ਬਾਰੇ ਤੁਹਾਡੇ ਨਾਲ ਵਿਚਾਰ ਵਟਾਂਦਰਾ ਕਰੇਗਾ। ਉਹ ਤੁਹਾਨੂੰ ਉਸ ਅਰਜ਼ੀ ਬਾਰੇ ਵੀ ਸਮਝਾਏਗਾ, ਜੋ ਉਸ ਨੂੰ ਕੋਰਟ (ਜੱਜ ਜਾਂ ਸ਼ੈਰਿਫ਼ ਨੂੰ ਜੋ ਵੀ ਕੇਸ ਦੀ ਕਾਰਵਾਈ ਕਰੇਗਾ) ਵਿਚ ਤੁਹਾਡੇ ਲਈ ਵਿਸ਼ੇਸ਼ ਉਪਾਉ ਦੇ ਇਸਤੇਮਾਲ ਲਈ ਦੇਣੀ ਪਏਗੀ।

ਉਨ੍ਹਾਂ ਦੀ ਅਰਜ਼ੀ ਵਿਚ ਹੇਠ ਲਿਖੇ ਬਾਰੇ ਵੇਰਵੇ ਹੋਣੇ ਜ਼ਰੂਰੀ ਹਨ :

- ਤੁਹਾਨੂੰ ਇਕ ਵਲਨਰਏਬਲ ਗਵਾਹ ਕਿਉਂ ਮੰਨਿਆ ਜਾਏ, ਇਸਦੇ ਵਿਚ ਅਰਜ਼ੀ ਦੀ ਪੁਸ਼ਟੀ ਲਈ ਹੋਰ ਕੋਈ ਵਾਧੂ ਜਾਣਕਾਰੀ ਦੇਣੀ ਵੀ ਸ਼ਾਮਲ ਹੈ;
- ਤੁਸੀਂ ਕਿਸ ਤਰ੍ਹਾਂ ਦੇ ਵਿਸ਼ੇਸ਼ ਉਪਾ ਇਸਤੇਮਾਲ ਕਰਨਾ ਚਾਹੋਗੇ, ਇਸ ਬਾਰੇ ਤੁਹਾਡੇ ਵਿਚਾਰ; ਅਤੇ
- ਤੁਹਾਨੂੰ ਗਵਾਹੀ ਦੇਣ ਦੌਰਾਨ ਤੁਹਾਡੀ ਸਹਾਇਤਾ ਕਰਨ ਲਈ ਕੀ ਇਹ ਵਿਸ਼ੇਸ਼ ਉਪਾ ਤੁਹਾਡੇ ਲਈ ਸਭ ਤੋਂ ਵਧ ਉਚਿਤ ਹੋਏਗਾ।

ਜੱਜ ਜਾਂ ਸ਼ੈਰਿਫ਼ ਨੂੰ ਇਹ ਤਸੱਲੀ ਕਰਵਾਉਣੀ ਪਏਗੀ ਕਿ ਤੁਸੀਂ ਇਕ ਵਲਨਰਏਬਲ ਗਵਾਹ ਹੋ ਅਤੇ ਇਸ ਲਈ ਤੁਸੀਂ ਸਭ ਕਾਨੂੰਨੀ ਮਾਪਦੰਡ ਪੂਰੇ ਕਰ ਰਹੇ ਹੋ, ਉਹ ਅਰਜ਼ੀ ਵਿਚ ਦਿੱਤੀ ਗਈ ਸਾਰੀ ਜਾਣਕਾਰੀ ਤੇ ਵਿਚਾਰ ਕਰਨਗੇ।

ਜੇ ਜੱਜ ਅਤੇ ਸ਼ੈਰਿਫ਼ ਇਸ ਗੱਲ ਬਾਰੇ ਸਹਿਮਤ ਹਨ ਕਿ ਤੁਸੀਂ ਕਾਨੂੰਨ ਦੀਆਂ ਸ਼ਰਤਾਂ ਅਨੁਸਾਰ ਵਲਨਰਏਬਲ ਗਵਾਹ ਹੋ ਤਾਂ ਉਨ੍ਹਾਂ ਨੂੰ ਇਹ ਸੋਚਣਾ ਪਏਗਾ ਕਿ ਜੇ ਤੁਹਾਨੂੰ ਕਿਸੇ ਵਿਸ਼ੇਸ਼ ਉਪਾ ਦੀ ਸਹਾਇਤਾ ਬਿਨਾਂ ਗਵਾਹੀ ਦੇਣੀ ਪਈ ਤਾਂ ਤੁਹਾਡੇ ਤੇ ਇਸਦਾ ਕੀ ਅਸਰ ਹੋਏਗਾ ਅਤੇ ਕੀ ਤੁਸੀਂ ਵਿਸ਼ੇਸ਼ ਉਪਾ ਦੇ ਲਾਭ ਦੀ ਸਹਾਇਤਾ ਨਾਲ ਆਪਣੀ ਗਵਾਹੀ ਦੇਣ ਦੇ ਵਧ ਯੋਗ ਹੋਵੋਗੇ ਕਿ ਨਹੀਂ।

**ਇਹ ਜੱਜ ਅਤੇ ਸ਼ੈਰਿਫ਼ ਹੀ ਹਨ, ਜੋ ਕਿਸੇ ਗਵਾਹ ਲਈ ਵਿਸ਼ੇਸ਼ ਉਪਾ ਦੇ ਇਸਤੇਮਾਲ ਬਾਰੇ ਫ਼ੈਸਲਾ ਕਰਦੇ ਹਨ, ਕਿ ਉਸਨੂੰ ਇਜ਼ਾਜ਼ਤ ਦੇਣੀ ਹੈ ਕਿ ਨਹੀਂ, ਅਤੇ ਕਿਹੜਾ ਵਿਸ਼ੇਸ਼ ਉਪਾ ਸਭ ਤੋਂ ਉਚਿਤ ਹੋਏਗਾ।**

ਤੁਹਾਨੂੰ ਇਹ ਕਿਤਾਬਚੀ ਇਹ ਸਮਝਣ ਵਿਚ ਸਹਾਇਤਾ ਲਈ ਦਿੱਤੀ ਗਈ ਹੈ ਕਿ ਇਹ ਵਿਸ਼ੇਸ਼ ਉਪਾ ਕੀ ਹਨ ਅਤੇ ਉਹ ਤੁਹਾਡੀ ਸਹਾਇਤਾ ਕਿਵੇਂ ਕਰ ਸਕਦੇ ਹਨ।

ਬਹੁਤੇ ਗਵਾਹ ਗਵਾਹੀ ਦੇਣ ਬਾਰੇ ਫ਼ਿਕਰਮੰਦ ਹੁੰਦੇ ਹਨ, ਅਤੇ ਕਈਆਂ ਦੀ ਕਾਨੂੰਨ ਦੀਆਂ ਸ਼ਰਤਾਂ ਤਹਿਤ ਵਲਨਰਏਬਲ ਹੋਣ ਵਜੋਂ ਪਛਾਣ ਬਣ ਜਾਂਦੀ ਹੈ। ਪਰ ਹਰ ਇਕ ਗਵਾਹ ਨੂੰ ਵਿਸ਼ੇਸ਼ ਉਪਾ ਦੇ ਲਾਭ ਨੂੰ ਇਸਤੇਮਾਲ ਕਰਨ ਦੀ ਜ਼ਰੂਰਤ ਨਹੀਂ ਪੈਂਦੀ।

**ਯਾਦ ਰਖੋ**

**ਭਾਵੇਂ ਤੁਸੀਂ ਆਪਣੀ ਗਵਾਹੀ ਦੇਣ ਲਈ ਵਿਸ਼ੇਸ਼ ਉਪਾ ਦੀ ਸਹਾਇਤਾ ਇਸਤੇਮਾਲ ਕਰਦੇ ਹੋ ਜਾਂ ਨਹੀਂ, ਸਹਾਇਤਾ ਲਈ ਹੋਰ ਵੀ ਵਾਧੂ ਪ੍ਰਬੰਧ ਹਨ, ਜੋ ਉਨ੍ਹਾਂ ਗਵਾਹਾਂ ਲਈ ਕੀਤੇ ਜਾ ਸਕਦੇ ਹਨ, ਜੇ ਆਪਣੇ ਆਪਨੂੰ ਵਲਨਰਏਬਲ ਮਹਿਸੂਸ ਕਰਦੇ ਹਨ। ਜਿਵੇਂ ਕਿ, ਤੁਸੀਂ ਅਦਾਲਤ ਦੀ ਇਮਾਰਤ ਵਿਚ ਕਿਸੇ ਹੋਰ ਪ੍ਰਵੇਸ਼ ਦੁਆਰ ਤੋਂ ਅੰਦਰ ਆ ਸਕਦੇ ਹੋ, ਜਾਂ ਆਪਣੀ ਗਵਾਹੀ ਦੇਣ ਲਈ ਉਡੀਕ ਕਿਸੇ ਉਸ ਕਮਰੇ ਵਿਚ ਕਰ ਸਕਦੇ ਹੋ ਜਿੱਥੇ ਹੋਰ ਗਵਾਹ ਨਾ ਬੈਠੇ ਹੋਣ। ਜਦੋਂ ਤੁਸੀਂ ਗਵਾਹੀ ਦੇ ਰਹੇ ਹੋਵੋ, ਤੁਹਾਨੂੰ ਵਿਚ ਵਿਚ ਆਰਾਮ ਦੇ ਸਾਹ ਲੈਣ ਦੀ ਬੇਨਤੀ ਕਰਨੀ ਵੀ ਸ਼ਾਇਦ ਸੰਭਵ ਹੋ ਸਕੇ, ਜਾਂ ਅਦਾਲਤ ਨੂੰ ਜਨਤਾ ਦੇ ਮੈਂਬਰਾਂ ਲਈ ਬੰਦ ਕੀਤਾ ਜਾ ਸਕਦਾ ਹੈ।**

**ਉਸ ਵਿਅਕਤੀ ਨਾਲ ਗੱਲ ਕਰੋ, ਜਿਸਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ। ਉਹ ਤੁਹਾਡੇ ਵਿਸ਼ੇਸ਼ ਹਾਲਾਤ ਬਾਰੇ ਵਿਚਾਰ ਵਟਾਂਦਰਾ ਕਰਨਗੇ ਅਤੇ ਤੁਹਾਨੂੰ ਸਭ ਤੋਂ ਵਧ ਸਹਾਇਤਾ ਕੀ ਦੇ ਸਕਦਾ ਹੈ।**

# ਗਵਾਹੀ ਦੇਣ ਵਾਲੇ ਵਲਨਰਏਬਲ ਗਵਾਹਾਂ ਲਈ ਉਪਲਬਧ ਵਿਸ਼ੇਸ਼ ਉਪਾਉ

ਜੇ ਤੁਹਾਡੀ ਪਛਾਣ, ਕਾਨੂੰਨ ਵਿਚ ਵਰਣਨ ਕੀਤੇ ਅਜਿਹੇ ਵਲਨਰਏਬਲ ਗਵਾਹ ਵਜੋਂ ਹੋ ਗਈ ਹੈ, ਤਾਂ ਕਈ ਤਰ੍ਹਾਂ ਦੇ ਵਿਸ਼ੇਸ਼ ਉਪਾ ਹਨ, ਜੋ ਤੁਹਾਨੂੰ ਗਵਾਹੀ ਦੇਣ ਵਿਚ ਸਹਾਇਤਾ ਕਰਨਗੇ, ਤਾਂ ਜੋ ਤੁਸੀਂ ਫ਼ੌਜਦਾਰੀ ਅਦਾਲਤ ਦੀ ਜਾਂ ਬੱਚਿਆਂ ਦੀ ਸੁਣਵਾਈ ਦੀ ਅਦਾਲਤ ਦੀ ਕਾਰਵਾਈ ਵਿਚ ਹੋਰ ਪੂਰੀ ਤਰ੍ਹਾਂ ਹਿੱਸਾ ਲੈ ਸਕੋ।

ਵਿਸ਼ੇਸ਼ ਉਪਾ ਇਹ ਹਨ :

- ਅਦਾਲਤ ਦੇ ਕਮਰੇ ਵਿਚ ਇਕ ਸਕਰੀਨ (ਪਰਦਾ) (ਪੰਨਾ 9);
- ਟੈਲੀਵਿਯਨ ਰਾਹੀਂ ਅਦਾਲਤ ਦੇ ਕਮਰੇ ਨਾਲ ਸੰਪਰਕ (ਪੰਨਾ 10);
- ਇਕ ਸਮਰੱਥਕ (ਹਿਮਾਇਤ ਦੇਣ ਵਾਲਾ ਇਕ ਵਿਅਕਤੀ) (ਪੰਨਾ 12);
- ਗਵਾਹ ਵਲੋਂ ਪਹਿਲਾਂ ਦਿੱਤਾ ਹੋਇਆ ਇਕ ਬਿਆਨ (ਪੰਨਾ 15);
- ਕਮਿਸ਼ਨਰ ਵਲੋਂ ਲਈ ਗਈ ਗਵਾਹੀ (ਪੰਨਾ 16) ।

ਇਨ੍ਹਾਂ ਸਭ ਵਿਸ਼ੇਸ਼ ਉਪਾਉ ਨੂੰ ਆਪਸ ਵਿਚ ਮਿਲਾਕੇ ਵੀ ਇਸਤੇਮਾਲ ਕਰਨਾ ਸੰਭਵ ਹੈ। ਜਿਹਾ ਕਿ, ਤੁਸੀਂ ਇਸ ਬਾਰੇ ਸੋਚ ਸਕਦੇ ਹੋ, ਕਿ ਜਦੋਂ ਤੁਸੀਂ ਗਵਾਹੀ ਦੇ ਰਹੇ ਹੋਵੋ, ਤੁਸੀਂ ਟੈਲੀਵਿਯਨ ਲਿੰਕ ਇਸਤੇਮਾਲ ਕਰਨ ਦੇ ਨਾਲ ਨਾਲ ਇਕ ਸਮਰਥਕ ਵਿਅਕਤੀ ਨੂੰ ਆਪਣੇ ਨਾਲ ਬਿਠਾ ਲਉ।

**ਕਿਰਪਾ ਕਰਕੇ ਯਾਦ ਰਖੋ, ਇਹ ਵਿਸ਼ੇਸ਼ ਉਪਾ ਸਿਰਫ਼ ਖਾਸ ਤੌਰ ਤੇ ਆਪਣੇ ਆਪ ਨੂੰ ਵਲਨਰਏਬਲ ਮਹਿਸੂਸ ਕਰ ਰਹੇ ਗਵਾਹਾਂ ਲਈ ਹੀ ਉਪਲਬਧ ਹਨ, ਅਤੇ ਇਸ ਲਈ ਅਦਾਲਤ ਨੂੰ ਇਕ ਵਿਸ਼ੇਸ਼ ਅਰਜ਼ੀ ਦੇਣੀ ਪੈਂਦੀ ਹੈ, ਜਿਸਨੂੰ ਅਦਾਲਤ ਮੰਜ਼ੂਰੀ ਦੇਂਦੀ ਹੈ।**

## ਵਿਸ਼ੇਸ਼ ਉਪਾ ਦਾ ਇਸਤੇਮਾਲ

ਜੇ ਤੁਹਾਨੂੰ ਗਵਾਹ ਵਜੋਂ ਤਲਬ ਕਰਨ ਵਾਲਾ ਵਿਅਕਤੀ ਸੋਚਦਾ ਹੈ, ਕਿ ਤੁਸੀਂ ਵਲਨਰਏਬਲ ਹੋ ਸਕਦੇ ਹੋ ਅਤੇ ਤੁਹਾਡੀ ਗਵਾਹੀ ਦੀ ਕੁਆਲਿਟੀ ਤੇ ਵੀ ਅਸਰ ਪੈਣ ਦਾ ਅਹਿਮ ਖ਼ਤਰਾ ਹੈ, ਉਹ ਕੋਰਟ ਨੂੰ ਤੁਹਾਡੇ ਲਈ ਉੱਪਰ ਦੱਸੇ ਇਕ ਜਾਂ ਵਧ ਵਿਸ਼ੇਸ਼ ਉਪਾਉ ਦੇ ਇਸਤੇਮਾਲ ਲਈ ਅਰਜ਼ੀ ਦੇਣ ਬਾਰੇ ਵਿਚਾਰ ਕਰਨਗੇ।

ਉਨ੍ਹਾਂ ਨੂੰ ਤੁਹਾਨੂੰ ਵਿਸ਼ੇਸ਼ ਉਪਾਉ ਬਾਰੇ ਸਮਝਾਉਣਾ ਚਾਹੀਦਾ ਹੈ, ਅਤੇ ਤੁਹਾਡੇ ਨਾਲ ਇਸ ਬਾਰੇ ਵਿਚਾਰ ਵਟਾਂਦਰਾ ਕਰਨਾ ਚਾਹੀਦਾ ਹੈ ਕਿ ਕੇਸ ਦੇ ਹਾਲਾਤ ਵੇਖਦਿਆਂ ਅਤੇ ਤੁਹਾਡੀਆਂ ਵਿਸ਼ੇਸ਼ ਲੋੜਾਂ ਅਨੁਸਾਰ ਤੁਹਾਡੇ ਲਈ ਕਿਹੜਾ ਸਭ ਤੋਂ ਵਧ ਸਹਾਇਕ ਸਾਬਤ ਹੋਏਗਾ।

ਅਰਜ਼ੀ ਵਿਚ ਤੁਹਾਡੇ ਲਈ ਵਿਸ਼ੇਸ਼ ਉਪਾ ਇਸਤੇਮਾਲ ਕਰਨ ਦੇ ਉਨ੍ਹਾਂ ਦੀ ਕੇਸ ਦੀ ਪੁਸ਼ਟੀ ਲਈ ਜਾਣਕਾਰੀ ਹੋਣੀ ਚਾਹੀਦੀ ਹੈ। ਇਹ ਜਾਣਕਾਰੀ ਸੰਖੇਪ ਅਤੇ ਲੋੜ ਪੈਣ ਤੇ ਇਸ ਵਿਚ ਵੇਰਵੇ ਵੀ ਹੋ ਸਕਦੇ ਹਨ। ਇਕ ਤਰ੍ਹਾਂ ਦੇ ਹਾਲਾਤ ਵਿਚ ਵਿਸ਼ੇਸ਼ ਉਪਾ ਇਸਤੇਮਾਲ ਕਰਨ ਦੀ ਅਰਜ਼ੀ ਨੂੰ ਹਿਮਾਇਤ ਦੇਣ ਦੀ ਜਾਣਕਾਰੀ ਨਿੱਜੀ ਜਾਂ ਬਹੁਤ ਸੰਵੇਦਨਸ਼ੀਲ ਵੀ ਹੋ ਸਕਦੀ ਹੈ ਅਤੇ ਇਹ ਤੁਹਾਡੇ ਆਪਣੇ ਆਪ ਵਲਨਰਏਬਲ ਮਹਿਸੂਸ ਕਰਨ ਦੇ ਕਾਰਣਾਂ ਤੇ ਨਿਰਭਰ ਕਰਦਾ ਹੈ।

ਤੁਹਾਡਾ ਆਪਣੇ ਆਪ ਨੂੰ ਵਲਨਰਏਬਲ ਹੋਣ ਦੇ ਅਹਿਸਾਸ ਦਾ ਜਾਇਜ਼ਾ ਲੈਣ ਲਈ, ਜਾਂ ਅਦਾਲਤ ਨੂੰ ਤੁਹਾਡੇ ਲਈ ਵਿਸ਼ੇਸ਼ ਉਪਾ ਇਸਤੇਮਾਲ ਕਰਨ ਲਈ ਅਰਜ਼ੀ ਦੇਣ ਲਈ, ਜਿਸ ਵਿਅਕਤੀ ਨੇ ਤੁਹਾਨੂੰ ਗਵਾਹੀ ਦੇਣ ਲਈ ਤਲਬ ਕੀਤਾ ਹੈ, ਉਹ ਤੁਹਾਡੇ ਨਾਲ ਤੁਹਾਡੇ ਹਾਲਾਤ ਬਾਰੇ ਵਿਚਾਰ ਵਟਾਂਦਰਾ ਕਰੇਗਾ। ਕਈ ਕੇਸਾਂ ਵਿਚ, ਉਹ ਤੁਹਾਡੀ ਇਜ਼ਾਜ਼ਤ ਨਾਲ ਤੁਹਾਡੀ ਸਿਹਤ ਬਾਰੇ, ਸ਼ਾਇਦ ਤੁਹਾਡੇ ਡਾਕਟਰ ਜਾਂ ਸੋਸ਼ਿਲ ਵਰਕਰ ਕੋਲੋਂ ਕੋਰਟ ਨੂੰ ਦਿੱਤੀ ਜਾਣ ਵਾਲੀ ਅਰਜ਼ੀ ਦੀ ਹਿਮਾਇਤ ਲਈ ਹੋਰ ਵਧ ਪੁੱਛਗਿੱਛ ਕਰਨਗੇ।

ਕਿਰਪਾ ਕਰਕੇ ਨੋਟ ਕਰੋ ਕਿ ਤੁਸੀਂ ਜਿਵੇਂ ਵਲਨਰਏਬਲ ਮਹਿਸੂਸ ਕਰਦੇ ਹੋ, ਇਸ ਸੰਬੰਧੀ ਥੋੜ੍ਹੀ ਜਾਂ ਸਾਰੀ ਜਾਣਕਾਰੀ ਜਾਂ ਸਪੈਸ਼ਲਿਸਟ ਦੀ ਰਿਪੋਰਟ ਕੋਰਟ ਨੂੰ ਤੁਹਾਡੇ ਲਈ ਵਿਸ਼ੇਸ਼ ਉਪਾਉ ਦੇ ਇਸਤੇਮਾਲ ਲਈ ਜੋ ਅਰਜ਼ੀ ਦੇਣੀ ਹੈ, ਉਸ ਦਾ ਇਕ ਹਿੱਸਾ ਹੋਵੇਗੀ ਅਤੇ ਇਸ ਲਈ ਉਹ ਦੋਸ਼ੀ ਜਾਂ ਉਸਦੇ ਕਾਨੂੰਨੀ ਪ੍ਰਤਿਨਿਧਾਂ ਨੇ ਵੇਖੀ ਹੋਵੇਗੀ ਜਾਂ ਉਸ ਬਾਰੇ ਸੁਣਿਆ ਹੋਏਗਾ।

ਜੇ ਤੁਸੀਂ ਇਸ ਦੇ ਕਿਸੇ ਪਹਿਲੂ ਬਾਰੇ ਫ਼ਿਕਰਮੰਦ ਹੋ, ਤਾਂ ਜਿਸ ਵਿਅਕਤੀ ਨੇ ਤੁਹਾਨੂੰ ਗਵਾਹੀ ਦੇਣ ਲਈ ਤਲਬ ਕੀਤਾ ਹੈ, ਉਸ ਨਾਲ ਗੱਲ ਕਰੋ।

ਇਹ ਯਾਦ ਰਖਣਾ ਅਹਿਮ ਹੈ ਕਿ ਜੱਜ ਜਾਂ ਸ਼ੈਰਿਫ਼ ਇਕ ਗਵਾਹ ਵਜੋਂ ਤੁਹਾਡੇ ਹਿਤਾਂ ਦਾ ਧਿਆਨ ਰਖਣਗੇ, ਪਰ ਉਨ੍ਹਾਂ ਨੂੰ ਇਨਸਾਫ਼ ਅਤੇ ਮੁਕੱਦਮੇ ਜਾਂ ਸੁਣਵਾਈ ਵਿਚ ਨਿਆਂ ਦਾ ਵੀ ਪੂਰਾ ਧਿਆਨ ਰਖਣਾ ਹੈ।

# ਵਿਸ਼ੇਸ਼ ਉਪਾ – ਸਕਰੀਨ ਦਾ ਇਸਤੇਮਾਲ ਕਰਨਾ

ਜੇ ਤੁਸੀਂ ਕਾਨੂੰਨ ਦੀਆਂ ਧਾਰਾਵਾਂ ਅਨੁਸਾਰ ਇਕ ਵਲਨਰਏਬਲ ਗਵਾਹ ਮੰਨ ਲਏ ਗਏ ਹੋ, ਅਤੇ ਉਸ ਵਿਅਕਤੀ ਜਿਸਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ, ਦਾ ਵਿਸ਼ਵਾਸ਼ ਹੈ ਕਿ ਦੋਸ਼ੀ ਜਾਂ ਦੋਸ਼ ਵਿਚ ਸ਼ਾਮਲ ਹੋਰ ਕਿਸੇ ਵਿਅਕਤੀ ਨੂੰ ਵੇਖਣ ਨਾਲ ਤੁਹਾਡੀ ਗਵਾਹੀ ਤੇ ਅਸਰ ਪੈ ਸਕਦਾ ਹੈ, ਤਾਂ ਅਦਾਲਤ ਵਿਚ ਇਕ ਸਕਰੀਨ (ਪਰਦੇ) ਦਾ ਇਸਤੇਮਾਲ ਤੁਹਾਨੂੰ ਤੁਹਾਡੀ ਗਵਾਹੀ ਦੇਣ ਵਿਚ ਮਦਦਗਾਰ ਸਾਬਤ ਹੋ ਸਕਦਾ ਹੈ।

ਸਕਰੀਨ ਨੂੰ 'ਰੂਮ ਡਿਵਾਇਡਰ' ਜਾਂ ਪਰਦੇ ਵਾਂਗ ਇਸਤੇਮਾਲ ਕੀਤਾ ਜਾਂਦਾ ਹੈ। ਇਸਨੂੰ ਗਵਾਹਾਂ ਦੇ ਬਾਕਸ ਕੋਲ ਤੁਹਾਡੇ ਅਤੇ ਦੋਸ਼ੀ ਵਿਅਕਤੀ (ਜਾਂ ਕੇਸ ਵਿਚ ਸ਼ਾਮਲ ਹੋਰ ਵਿਅਕਤੀ) ਦੇ ਦਰਮਿਆਨ ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਤੁਹਾਨੂੰ ਉਹ ਵਿਅਕਤੀ ਨਜ਼ਰ ਨਹੀਂ ਆਏਗਾ। ਤੁਹਾਨੂੰ ਸਿਰਫ਼ ਜੱਜ (ਅਤੇ ਜੋ ਜਿਊਰੀ ਹੋਈ, ਉਹ), ਸ਼ੈਰਿਫ਼ ਬੱਚਿਆਂ ਦੇ ਰਿਪੋਰਟਰ ਅਤੇ ਕਾਰਵਾਈ ਵਿਚ ਸ਼ਾਮਲ ਹੋਰ ਵਕੀਲ ਹੀ ਦਿਸਣਗੇ।

ਪਰ ਤੁਹਾਡੇ ਲਈ ਇਹ ਜਾਣ ਲੈਣਾ ਵੀ ਅਹਿਮ ਹੈ ਕਿ ਦੋਸ਼ੀ ਅਤੇ ਕੋਰਟ ਰੂਮ ਵਿਚ ਸਕਰੀਨ ਦੇ ਦੂਜੇ ਪਾਸੇ ਬੈਠੇ ਹੋਰ ਲੋਕ ਤੁਹਾਨੂੰ ਗਵਾਹੀ ਦੇਂਦਿਆਂ ਕੋਰਟ ਟੈਲੀਵਿਯਨ ਮਾਨੀਟਰ ਤੇ ਅਸਿੱਧੇ ਤੌਰ ਤੇ ਵੇਖ ਸਕਣਗੇ।

# ਵਿਸ਼ੇਸ਼ ਉਪਾ – ਇਕ ਟੈਲੀਵਿਯਨ ਲਿੰਕ ਦਾ ਇਸਤੇਮਾਲ ਕਰਨਾ

ਜੇ ਤੁਹਾਨੂੰ ਤਲਬ ਕਰ ਰਿਹਾ ਵਿਅਕਤੀ ਇਹ ਵਿਸ਼ਵਾਸ਼ ਕਰਦਾ ਹੈ ਕਿ ਤੁਸੀਂ ਇਕ ਵਲਨਰਏਬਲ ਗਵਾਹ ਹੋ ਸਕਦੇ ਹੋ, ਅਤੇ ਅਦਾਲਤ ਅੰਦਰ ਗਵਾਹੀ ਦੇਣ ਤੇ ਉਸਤੇ ਕੋਈ ਅਸਰ ਪੈ ਸਕਦਾ ਹੈ ਤਾਂ ਅਦਾਲਤ ਨੂੰ ਤੁਹਾਡੀ ਉਸ ਅਰਜ਼ੀ ਤੇ ਵਿਚਾਰ ਕਰਨ ਲਈ ਕਿਹਾ ਜਾ ਸਕਦਾ ਹੈ, ਜਿਸ ਵਿਚ ਤੁਸੀਂ ਆਪਣੀ ਗਵਾਹੀ ਦੇਣ ਲਈ ਟੈਲੀਵਿਯਨ ਲਿੰਕ ਦੇ ਇਸਤੇਮਾਲ ਦੀ ਇਜ਼ਾਜ਼ਤ ਲਈ ਕਿਹਾ ਹੈ।

**ਟੈਲੀਵਿਯਨ ਲਿੰਕ ਰੂਮ** ਅਦਾਲਤ ਦੇ ਉਨ੍ਹਾਂ ਕਮਰੇ, ਜਿੱਥੇ ਮੁਕੱਦਮਾ ਜਾਂ ਸੁਣਵਾਈ ਹੋ ਰਹੀ ਹੈ, ਤੋਂ ਵਖਰਾ ਕਮਰਾ ਹੈ। ਆਮ ਤੌਰ ਤੇ ਇਹ ਕਮਰਾ ਉਸੇ ਅਦਾਲਤ ਦੀ ਇਮਾਰਤ ਵਿਚ ਹੀ ਹੁੰਦਾ ਹੈ, ਪਰ ਇਹ ਵਖਰੀ ਇਮਾਰਤ ਵਿਚ ਵੀ ਹੋ ਸਕਦਾ ਹੈ।

ਟੈਲੀਵਿਯਨ ਨੂੰ ਅਦਾਲਤ ਦੇ ਕਮਰੇ ਨਾਲ ਜੋੜਿਆ ਜਾਂਦਾ ਹੈ, ਤਾਂ ਜੋ ਅਦਾਲਤ ਵਿਚ ਹਰ ਕੋਈ ਤੁਹਾਨੂੰ ਗਵਾਹੀ ਦੇਂਦਿਆਂ ਵੇਖ ਅਤੇ ਸੁਣ ਸਕੇ।

ਜੱਜ ਜਾਂ ਸ਼ੈਰਿਫ਼ ਅਤੇ ਅਦਾਲਤ ਵਿਚ ਮੌਜੂਦ ਸਭ ਵਕੀਲਾਂ ਕੋਲ ਇਕ ਟੈਲੀਵਿਯਨ ਮਾਨੀਟਰ, ਮਾਈਕਰੋਫ਼ੋਨ ਅਤੇ ਕੈਮਰਾ ਹੁੰਦਾ ਹੈ, ਪਰ ਤੁਸੀਂ ਸਿਰਫ਼ ਉਸੇ ਵਿਅਕਤੀ ਨੂੰ ਵੇਖ ਜਾਂ ਸੁਣ ਸਕੋਗੇ, ਜੋ ਤੁਹਾਨੂੰ ਸਵਾਲ ਪੁੱਛ ਰਿਹਾ ਹੋਵੇਗਾ। ਤੁਸੀਂ ਅਦਾਲਤ ਵਿਚ ਹੋਰ ਕਿਸੇ ਨੂੰ ਅਤੇ ਨਾ ਹੀ ਦੋਸ਼ੀ ਵਿਅਕਤੀ ਨੂੰ ਵੇਖ ਸਕੋਗੇ।

ਸਾਰੇ ਕੈਮਰਿਆਂ ਨੂੰ ਜੱਜ ਜਾਂ ਸ਼ੈਰਿਫ਼ ਕੰਟਰੋਲ ਕਰਦੇ ਹਨ। ਜਦੋਂ ਇਹ ਸਵਿੱਚ ਆੱਨ ਕਰ ਦਿੱਤੇ ਜਾਂਦੇ ਹਨ, ਤਾਂ ਤੁਸੀਂ ਇਕ ਵੇਲੇ, ਸਿਰਫ਼ ਜੱਜ ਜਾਂ ਸ਼ੈਰਿਫ਼ ਜਾਂ ਵਕੀਲ ਨੂੰ ਵੇਖ ਸਕੋਗੇ ਅਤੇ ਉਹ ਤੁਹਾਨੂੰ ਵੇਖ ਤੇ ਸੁਣ ਸਕਣਗੇ।

**ਤੁਹਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਬੇਸ਼ਕ ਟੈਲੀਵਿਯਨ ਲਿੰਕ ਕਾਰਣ ਤੁਸੀਂ ਦੋਸ਼ੀ ਜਾਂ ਕੇਸ ਵਿਚ ਸ਼ਾਮਲ ਹੋਰ ਲੋਕਾਂ ਨੂੰ ਵੇਖਣ ਤੋਂ ਬਚ ਸਕਦੇ ਹੋ, ਪਰ ਉਹ ਵਿਅਕਤੀ ਤੁਹਾਨੂੰ ਅਦਾਲਤ ਦੇ ਕਮਰੇ ਵਿਚ ਟੈਲੀਵਿਯਨ ਮਾਨੀਟਰ ਤੇ ਗਵਾਹੀ ਦੇਂਦਿਆਂ ਵੇਖ ਤੇ ਸੁਣ ਸਕੇਗਾ।**

# ਵਿਸ਼ੇਸ਼ ਉਪਾ – ਸਹਾਇਤਾ ਦੇਣ ਵਾਲੇ ਵਿਅਕਤੀ ਦਾ ਸਹਾਰਾ ਲੈਣਾ

ਬਹੁਤੇ ਗਵਾਹ ਜੋ ਆਪਣੇ ਆਪਨੂੰ ਵਲਨਰਏਬਲ ਸਮਝਦੇ ਹਨ, ਗਵਾਹੀ ਦੇਣ ਦੌਰਾਨ ਬਹੁਤ ਅਲੱਗ ਥਲੱਗ ਮਹਿਸੂਸ ਕਰ ਸਕਦੇ ਹਨ ਅਤੇ ਅਦਾਲਤ ਦੇ ਕਮਰੇ ਜਾਂ ਟੈਲੀਵਿਯਨ ਲਿੰਕ ਰੂਮ ਵਿਚ ਕਿਸੇ ਨੂੰ ਉਨ੍ਹਾਂ ਕੋਲ ਬਿਠਾ ਕੇ ਉਨ੍ਹਾਂ ਨੂੰ ਮੁੜ ਭਰੋਸਾ ਤੇ ਹੋਸਲਾ ਦਿੱਤਾ ਜਾ ਸਕਦਾ ਹੈ। ਇਹ ਵਿਅਕਤੀ ਸਹਾਇਕ ਵਿਅਕਤੀ ਕਰਕੇ ਜਾਣਿਆ ਜਾਂਦਾ ਹੈ। ਤੁਸੀਂ ਜਦੋਂ ਗਵਾਹੀ ਦੇ ਰਹੇ ਹੁੰਦੇ ਹੋ, ਉਹ ਸਿਰਫ਼ ਉੱਥੇ ਹਾਜ਼ਰ ਰਹਿਕੇ ਹੀ ਤੁਹਾਨੂੰ ਹਿਮਾਇਤ ਦੇਂਦੇ ਹਨ।

ਤੁਹਾਡਾ ਸਹਾਇਕ ਵਿਅਕਤੀ ਤੁਹਾਨੂੰ ਤੁਹਾਡੇ ਗਵਾਹੀ ਦੇਣ ਤੋਂ ਪਹਿਲਾਂ ਵੀ ਸਹਾਇਤਾ ਅਤੇ ਹੌਸਲਾ ਦੇ ਸਕਦਾ ਹੈ, ਅਤੇ ਜੇ ਅਦਾਲਤ ਆਗਿਆ ਦੇਵੇ ਤਾਂ ਜਦੋਂ ਗਵਾਹੀਆਂ ਦੇਣ ਦੀ ਕਾਰਵਾਈ ਨੂੰ ਥੋੜ੍ਹੇ ਸਮੇਂ ਲਈ ਰੋਕਿਆ ਜਾਂਦਾ ਹੈ, ਉਦੋਂ ਵੀ ਉਹ ਤੁਹਾਡਾ ਸਾਥ ਦੇ ਸਕਦਾ ਹੈ।

**ਪਰ, ਤੁਹਾਡਾ ਸਹਾਇਕ ਤੁਹਾਡੀ ਗਵਾਹੀ ਦੇ ਕਿਸੇ ਹਿੱਸੇ ਵਿਚ ਆਪਣੀ ਸਹਾਇਤਾ ਨਹੀਂ ਦੇ ਸਕਦਾ। ਉਨ੍ਹਾਂ ਨੂੰ ਤੁਹਾਡੀ ਗਵਾਹੀ ਵਿਚ ਕਿਸੇ ਤਰ੍ਹਾਂ ਦੀ ਦਖ਼ਲਅੰਦਾਜ਼ੀ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਉਸ ਤੇ ਆਪਣਾ ਦਬਾਅ ਪਾਣਾ ਚਾਹੀਦਾ ਹੈ। ਜਦੋਂ ਤੁਸੀਂ ਗਵਾਹੀ ਦੇ ਰਹੇ ਹੋਵੋ, ਉਨ੍ਹਾਂ ਨੂੰ ਪਿੱਛੋਂ ਬੋਲ ਕੇ ਤੁਹਾਨੂੰ ਦੱਸਣਾ ਨਹੀਂ ਚਾਹੀਦਾ ਅਤੇ ਨਾ ਹੀ ਤੁਹਾਡੇ ਬੋਲਣ ਦੌਰਾਨ ਵਿਘਨ ਪਾਣਾ ਚਾਹੀਦਾ ਹੈ।**

ਜੇ ਉਹ ਵਿਅਕਤੀ ਜਿਸਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ, ਇਸ ਉਪਾ ਦੇ ਇਸਤੇਮਾਲ ਲਈ ਅਰਜ਼ੀ ਦੇ ਰਿਹਾ ਹੈ ਤਾਂ ਤੁਸੀਂ ਉਸਨੂੰ ਇਹ ਦੱਸ ਸਕਦੇ ਹੋ ਕਿ ਤੁਸੀਂ ਕਿਸ ਵਿਅਕਤੀ ਨੂੰ ਆਪਣੀ ਸਹਾਇਤਾ ਲਈ ਚਾਹੁੰਦੇ ਹੋ, ਭਾਵੇਂ ਆਖ਼ਰੀ ਫ਼ੈਸਲਾ ਅਦਾਲਤ ਨੇ ਹੀ ਕਰਨਾ ਹੁੰਦਾ ਹੈ।

ਬਹੁਤੇ ਗਵਾਹ ਕਿਸੇ ਅਜਿਹੇ ਵਿਅਕਤੀ ਨੂੰ ਹਿਮਾਇਤ ਲਈ ਨਾਲ ਰਖਣਾ ਚਾਹੁੰਦੇ ਹਨ, ਜਿਸਨੂੰ ਉਹ ਜਾਣਦੇ ਹਨ, ਅਤੇ ਜਿਸ ਨਾਲ ਉਹ ਗਵਾਹੀ ਦੇਣ ਦੌਰਾਨ ਆਰਾਮ ਮਹਿਸੂਸ ਕਰਨਗੇ।

ਹੇਠਾਂ ਕੁਝ ਉਹ ਗੱਲਾਂ ਹਨ, ਜਿਨ੍ਹਾਂ ਤੇ ਤੁਹਾਨੂੰ ਆਪਣੇ ਸਹਾਇਕ ਬਾਰੇ ਫ਼ੈਸਲਾ ਕਰਨ ਵੇਲੇ ਸੋਚਣ ਦੀ ਜ਼ਰੂਰਤ ਹੈ :

- ਜੇ ਤੁਹਾਡੇ ਮਨਪਸੰਦ ਸਹਾਇਕ ਵਿਅਕਤੀ ਨੂੰ ਵੀ ਗਵਾਹ ਵਜੋਂ ਬੁਲਾਵਾ ਆਇਆ ਹੈ, ਤਾਂ ਉਹ ਉਦੋਂ ਤੀਕ ਤੁਹਾਡੇ ਸਹਾਇਕ ਵਜੋਂ ਕਾਰਵਾਈ ਨਹੀਂ ਕਰ ਸਕਦੇ, ਜਦ ਤਕ ਉਹ ਆਪਣੀ ਗਵਾਹੀ ਦੇਣੀ ਖ਼ਤਮ ਨਾ ਕਰ ਲੈਣ;

- ਤੁਹਾਨੂੰ ਇਸ ਬਾਰੇ ਵੀ ਸੋਚਣ ਦੀ ਕੋਸ਼ਿਸ ਕਰਨੀ ਚਾਹੀਦੀ ਹੈ, ਕਿ ਜੇ ਤੁਹਾਨੂੰ ਸਹਾਇਤਾ ਦੇ ਰਹੇ ਵਿਅਕਤੀ ਦਾ ਤੁਹਾਡੀ ਗਵਾਹੀ ਸੁਣਨ ਮਗਰੋਂ ਕੀ ਪ੍ਰਤੀਕਰਮ ਹੋਏਗਾ, ਜਿਵੇਂ ਕਿ ਤੁਸੀਂ ਚਾਹੋਗੇ ਕਿ ਕੋਈ ਖ਼ਾਸ ਪਰਿਵਾਰ ਜਾਂ ਦੋਸਤ ਤੁਹਾਡੀ ਗਵਾਹੀ ਦੇ ਵੇਰਵੇ ਨਾ ਸੁਣਨ। ਜੇ ਤੁਸੀਂ ਸੋਚਦੇ ਹੋ, ਕਿ ਜੇ ਉਹ ਅਦਾਲਤ ਵਿਚ ਕਿਤੇ ਇਸ ਬਿਆਨ ਤੇ ਗੁੱਸੇ ਜਾਂ ਪਰੇਸ਼ਾਨ ਹੋ ਜਾਣਗੇ ਤਾਂ ਇਸ ਨਾਲ ਤੁਹਾਨੂੰ ਵੀ ਪਰੇਸ਼ਾਨੀ ਹੋਏਗੀ। ਸੋ ਤੁਸੀਂ ਫ਼ੈਸਲਾ ਕਰ ਸਕਦੇ ਹੋ ਕਿ ਆਪਣਾ ਸਹਾਇਕ ਕਿਸੇ ਅਜਿਹੇ ਵਿਅਕਤੀ ਨੂੰ ਹੀ ਚੁਣਨਾ ਸਭ ਤੋਂ ਵਧ ਸਹੀ ਹੈ, ਜੋ ਕਿ ਪਰਿਵਾਰ ਦਾ ਮੈਂਬਰ ਨਹੀਂ;

- ਜਿਸ ਵਿਅਕਤੀ ਨੂੰ ਤੁਸੀਂ ਆਪਣੀ ਸਹਾਇਤਾ ਲਈ ਰਖਣਾ ਚਾਹੁੰਦੇ ਹੋ, ਹੋ ਸਕਦਾ ਹੈ ਉਸ ਨੂੰ ਕੇਸ ਦੇ ਬਹੁਤ ਸਾਰੇ ਵੇਰਵੇ ਪਹਿਲਾਂ ਹੀ ਪਤਾ ਹੋਣ ਅਤੇ ਅਦਾਲਤ ਇਹ ਸੋਚ ਸਕਦੀ ਹੈ ਕਿ ਉਸਦਾ ਅਸਰ, ਤੁਸੀਂ ਜੋ ਕਹੋਗੇ, ਉਸ ਤੇ ਵੀ ਪੈ ਸਕਦਾ ਹੈ। ਕਈ ਕੇਸਾਂ ਵਿਚ, ਅਦਾਲਤ ਤੁਹਾਡੀ ਮਨਪਸੰਦ ਦੇ ਵਿਅਕਤੀ ਨੂੰ ਇਨ੍ਹਾਂ ਕਾਰਣਾ ਕਰਕੇ ਮੰਜ਼ੂਰੀ ਨਹੀਂ ਦੇਵੇਗੀ;

- ਤੁਸੀਂ ਸ਼ਾਇਦ ਪਹਿਲਾਂ ਹੀ ਸਹਾਇਤਾ ਦੇਣ ਵਾਲੀ ਕਿਸੇ ਵਿਸ਼ੇਸ਼ ਸੰਸਥਾ ਜਾਂ ਸੋਸ਼ਲ ਵਰਕ ਡਿਪਾਰਟਮੈਂਟ ਤੋਂ ਸਹਾਇਤਾ ਲੈ ਰਹੇ ਹੋ, ਅਤੇ ਉਨ੍ਹਾਂ ਨੂੰ ਨਾਮਜ਼ਦ ਕਰਨਾ ਚਾਹੁੰਦੇ ਹੋ।

ਗਵਾਹ ਵਜੋਂ, ਤੁਹਾਨੂੰ ਸੰਮਨ ਭੇਜਣ ਵਾਲਾ ਵਿਅਕਤੀ ਤੁਹਾਨੂੰ ਇਸ ਬਾਰੇ ਕੋਈ ਸਲਾਹ ਦੇ ਸਕਦਾ ਹੈ ਅਤੇ ਤੁਹਾਨੂੰ ਆਪਣੇ ਲਈ ਇਕ ਸਹਾਇਕ ਦੀ ਚੋਣ ਵਿਚ ਮਦਦ ਕਰ ਸਕਦਾ ਹੈ। ਫ਼ੌਜਦਾਰੀ ਦੇ ਕਈ ਮਾਮਲਿਆਂ ਵਿਚ, VIA ਜਾਂ ਵਿਟਨੈਸ ਸਰਵਿਸ (Witness Service) ਇਸ ਬਾਰੇ ਤੁਹਾਡੇ ਨਾਲ ਵਿਚਾਰ ਕਰ ਸਕਦੀ ਹੈ।

**ਹਮੇਸ਼ਾ ਇਹ ਯਾਦ ਰਖਣਾ ਅਹਿਮ ਹੈ ਕਿ ਤੁਹਾਡਾ ਸਹਾਇਕ ਵਿਅਕਤੀ ਤੁਹਾਡੀ ਗਵਾਹੀ ਵਿਚ ਕੋਈ ਸਹਾਇਤਾ ਨਹੀਂ ਕਰ ਸਕਦਾ ਅਤੇ ਤੁਹਾਡੇ ਲਈ ਅਦਾਲਤ ਵਿਚ ਕਿਸੇ ਸਵਾਲ ਦਾ ਜਵਾਬ ਨਹੀਂ ਦੇ ਸਕਦਾ।**

ਜੇ ਅਦਾਲਤ ਨੇ ਤੁਹਾਨੂੰ ਇਕ ਸਹਾਇਕ ਨਾਲ ਰੱਖਣ ਦੀ ਆਗਿਆ ਦਿੱਤੀ ਹੈ, ਤਾਂ ਉਹ ਤੁਹਾਡੇ ਨਾਲ ਉਸ ਵੇਲੇ ਬੈਠ ਸਕੇਗਾ, ਜਦੋਂ ਤੁਸੀਂ ਅਦਾਲਤ ਵਲੋਂ ਮੰਜ਼ੂਰ ਕੀਤੇ ਹੋਰ ਵਿਸ਼ੇਸ਼ ਉਪਾਉ ਦਾ ਇਸਤੇਮਾਲ ਕਰ ਰਹੇ ਹੋਵੋਗੇ।

# ਵਿਸ਼ੇਸ਼ ਉਪਾ – ਪਹਿਲਾਂ ਦਿੱਤੇ ਇਕ ਬਿਆਨ ਦਾ ਇਸਤੇਮਾਲ ਕਰਨਾ

ਜੇ ਤੁਸੀਂ ਫ਼ੌਜਦਾਰੀ ਦੇ ਕਿਸੇ ਮਾਮਲੇ ਵਿਚ ਵਲਨਰਏਬਲ ਗਵਾਹ ਹੋ, ਜਿਸਨੂੰ ਖ਼ਤਰਾ ਹੈ, ਅਤੇ ਤੁਹਾਡੇ ਅਤੇ ਪੁਲੀਸ ਦਰਮਿਆਨ ਇੰਟਰਵਿਊ ਦਾ ਟੇਪ ਕੀਤਾ ਵਿਡੀਉ ਜਾਂ ਆਡਿਓ ਰਿਕਾਰਡ ਜਾਂ ਕੋਈ ਲਿਖਤ ਬਿਆਨ ਹੈ, ਤਾਂ ਤੁਹਾਨੂੰ ਗਵਾਹ ਵਜੋਂ ਤਲਬ ਕਰ ਰਿਹਾ ਵਿਅਕਤੀ ਅਦਾਲਤ ਕੋਲੋਂ ਇਸ ਆਗਿਆ ਲਈ ਕਹਿ ਸਕਦਾ ਹੈ ਕਿ ਇਹ ਆਡੀਓ ਜਾਂ ਵਿਡੀਉ ਅਦਾਲਤ ਵਿਚ ਤੁਹਾਡੀ ਗਵਾਹੀ ਦੇ ਇਕ ਹਿੱਸੇ ਵਜੋਂ ਵਿਖਾਇਆ ਜਾਏ, ਜਾਂ ਪੜ੍ਹ ਕੇ ਸੁਣਾਇਆ ਜਾਏ।

ਮੁਕੱਦਮੇ ਦੀ ਸੁਣਵਾਈ ਦੌਰਾਨ, ਜਦੋਂ ਇਹ ਰਿਕਾਰਡਿੰਗ ਵਿਖਾਈ ਜਾਏਗੀ, ਜਾਂ ਪੜ੍ਹ ਕੇ ਸੁਣਾਈ ਜਾਏਗੀ, ਤਾਂ ਤੁਹਾਨੂੰ ਵੇਖਣ ਅਤੇ ਸੁਣਨ ਲਈ ਕਿਹਾ ਜਾਏਗਾ ਅਤੇ ਇਸ ਤੋਂ ਬਾਅਦ ਜੇ ਤੁਸੀਂ ਬਿਆਨ ਵਿਚ ਕਿਹਾ ਹੈ, ਉਸ ਬਾਰੇ ਸਵਾਲ ਪੁੱਛੇ ਜਾਣਗੇ।

ਇਸ ਵਿਸ਼ੇਸ਼ ਉਪਾ ਦੇ ਇਸਤੇਮਾਲ ਕਰਨ ਦਾ ਇਹ ਮਤਲਬ ਨਹੀਂ ਕਿ ਤੁਹਾਡੇ ਪਹਿਲਾਂ ਦਿੱਤੇ ਬਿਆਨ ਬਾਰੇ ਸਵਾਲ ਨਹੀਂ ਪੁੱਛੇ ਜਾਣਗੇ।

ਯਾਦ ਰਖੋ ਕਿ ਤੁਹਾਡੇ ਕੋਲੋਂ ਅਜੇ ਵੀ ਕੇਸ ਵਿਚ ਸ਼ਾਮਲ ਹੋਰ ਕਿਸੇ ਵਕੀਲ ਵਲੋਂ ਸਵਾਲ ਪੁੱਛੇ ਜਾਣਗੇ। ਜਿਵੇਂ ਕਿ ਇਕ ਦੋਸ਼ੀ ਲਈ ਕੇਸ ਲੜ ਰਹੇ ਵਕੀਲ ਵਲੋਂ।

ਜੇ ਤੁਹਾਨੂੰ ਗਵਾਹ ਵਜੋਂ ਸੰਮਨ ਭੇਜਣ ਜਾਂ ਤਲਬ ਕਰਨ ਵਾਲਾ ਵਿਅਕਤੀ ਤੁਹਾਡੇ ਲਈ ਇਸ ਵਿਸ਼ੇਸ਼ ਉਪਾ ਦਾ ਇਸਤੇਮਾਲ ਕਰਨ ਬਾਰੇ ਸੋਚ ਰਿਹਾ ਹੈ, ਤਾਂ ਉਹ ਤੁਹਾਨੂੰ ਇਸ ਨੂੰ ਖੋਲ੍ਹ ਕੇ ਸਮਝਾਏਗਾ ਅਤੇ ਤੁਹਾਡੀ ਰਾਇ ਪੁੱਛੇਗਾ।

# ਵਿਸ਼ੇਸ਼ ਉਪਾ – ਇਕ ਕਮਿਸ਼ਨਰ ਵਲੋਂ ਲਈ ਗਈ ਗਵਾਹੀ

ਜੇ ਤੁਹਾਨੂੰ ਇਕ ਵਲਨਰਏਬਲ ਗਵਾਹ ਮੰਨ ਲਿਆ ਗਿਆ ਹੈ, ਤਾਂ ਕਈ ਕੇਸਾਂ ਵਿਚ, ਪ੍ਰੋਕਿਊਰੇਟਰ ਫ਼ਿਸਕਲ, ਬੱਚਿਆਂ ਦੇ ਰਿਪੋਰਟਰ ਜਾਂ ਵਕੀਲ, ਅਦਾਲਤ ਵਿਚ ਮੁਕੱਦਮਾ ਸ਼ੁਰੂ ਹੋਣ ਤੋਂ ਪਹਿਲਾਂ ਤੁਹਾਡੀ ਗਵਾਹੀ ਰਿਕਾਰਡ ਕਰਨਾ ਚਾਹੁੰਦੇ ਹਨ। ਅਦਾਲਤ ਜੇ ਇਹ ਸੋਚਦੀ ਹੈ ਕਿ ਅਦਾਲਤ ਵਲੋਂ ਦਿੱਤੀ ਤਾਰੀਖ਼ ਤਕ ਉਡੀਕਣ ਵਿਚ ਤੁਹਾਡੀ ਗਵਾਹੀ ਦੀ ਕੁਆਲਿਟੀ ਤੇ ਅਸਰ ਪੈ ਸਕਦਾ ਹੈ, ਤਾਂ ਉਹ ਇਸ ਲਈ ਆਗਿਆ ਦੇ ਸਕਦੀ ਹੈ। ਇਸ ਅਮਲ ਨੂੰ ਕਮਿਸ਼ਨਰ ਵਲੋਂ ਲਈ ਗਈ ਗਵਾਹੀ ਕਹਿੰਦੇ ਹਨ। ਜੋ ਗਵਾਹੀ ਤੁਸੀਂ ਕਮਿਸ਼ਨਰ ਨੂੰ ਦਿੱਤੀ ਹੈ, ਅਦਾਲਤ ਵਿਚ ਮੁਕੱਦਮੇ ਦੀ ਸੁਣਵਾਈ ਦੌਰਾਨ ਇਸਤੇਮਾਲ ਕੀਤੀ ਜਾ ਸਕਦੀ ਹੈ।

ਕਮਿਸ਼ਨਰ ਨੂੰ ਗਵਾਹੀ ਦੇਣ ਦਾ ਮਤਲਬ ਹੈ ਕਿ ਤੁਸੀਂ ਅਸਲ ਵਿਚ ਅਦਾਲਤੀ ਕੇਸ ਦੇ ਬਜਾਏ ਆਪਣਾ ਬਿਆਨ ਕਿਸੇ ਵੱਖ ਥਾਂ ਅਤੇ ਵੱਖ ਸਮੇਂ ਦਿੱਤਾ ਹੈ।

ਕਈ ਹਾਲਤਾਂ ਵਿਚ ਇਸ ਵਿਸ਼ੇਸ਼ ਉਪਾ ਨੂੰ ਅਦਾਲਤ ਵਿਚ ਕੇਸ ਦੀ ਸੁਣਵਾਈ ਸ਼ੁਰੂ ਹੋਣ ਤੇ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ।

ਅਦਾਲਤ ਕਿਸੇ ਨੂੰ ਕਮਿਸ਼ਨਰ ਵਜੋਂ ਨਾਮਜ਼ਦ ਕਰੇਗੀ ਅਤੇ ਕੇਸ ਕਿਹੋ ਜਿਹਾ ਹੈ, ਇਸ ਦਾ ਧਿਆਨ ਰਖਦਿਆਂ, ਇਹ ਵਿਅਕਤੀ ਕੋਈ ਜੱਜ ਜਾਂ ਐਡਵੋਕੇਟ ਜਾਂ ਕੋਈ ਯੋਗ ਵਿਅਕਤੀ ਹੀ ਹੋਏਗਾ। ਤੁਹਾਨੂੰ ਆਮ ਉਪਾ ਨਾਲ ਹੀ ਸਵਾਲ ਪੁੱਛੇ ਜਾਣਗੇ ਅਤੇ ਤੁਸੀਂ ਵੀ ਉਸੇ ਤਰ੍ਹਾਂ ਆਮ ਉਪਾ ਨਾਲ ਗਵਾਹੀ ਦਿਉਗੇ, ਪਰ ਇਹ ਮੁਕੱਦਮੇ ਦੀ ਕਾਰਵਾਈ ਜਾਂ ਸੁਣਵਾਈ ਕਰ ਰਹੇ ਜੱਜ ਜਾਂ ਸ਼ੈਰਿਫ਼ ਸਾਮ੍ਹਣੇ ਦੇਣ ਦੀ ਜਗ੍ਹਾ ਤੁਸੀਂ ਕਮਿਸ਼ਨਰ ਸਾਮ੍ਹਣੇ ਦੇ ਰਹੇ ਹੋਵੋਗੇ।

## ਵਿਸ਼ੇਸ਼ ਉਪਾ ਦਾ ਇਸਤੇਮਾਲ

ਕਮਿਸ਼ਨ ਦੌਰਾਨ, ਦੋਸ਼ੀ ਜਾਂ ਬੱਚਿਆਂ ਦੇ ਮਾਮਲੇ ਦੀ ਸੁਣਵਾਈ ਦੀ ਅਦਾਲਤ ਵਿਚ ਕਾਰਵਾਈ ਦੌਰਾਨ, ਸੰਬੰਧਿਤ ਵਿਅਕਤੀ ਨੂੰ ਨਾਲੇ ਨਾਲ ਕਾਰਵਾਈ ਵੇਖਣ ਅਤੇ ਸੁਣਨ ਦਾ ਹੱਕ ਹੈ, ਪਰ ਉਹ ਆਮ ਤੌਰ ਤੇ ਤੁਹਾਡੇ ਵਾਲੇ ਕਮਰੇ ਵਿਚ ਮੌਜੂਦ ਨਹੀਂ ਹੋਣਗੇ।

ਕਮਿਸ਼ਨ ਦੀ ਸਾਰੀ ਕਾਰਵਾਈ ਦੀ ਵਿਡੀਉ ਰਿਕਾਰਡਿੰਗ ਕੀਤੀ ਜਾਏਗੀ ਅਤੇ ਇਹ ਕਿਕਾਰਡਿੰਗ ਅਦਾਲਤ ਕੋਲ ਰਹੇਗੀ। ਇਸਨੂੰ ਮੁਕੱਦਮੇ ਦੀ ਕਾਰਵਾਈ ਜਾਂ ਸੁਣਵਾਈ ਦੌਰਾਨ ਵਿਖਾਇਆ ਜਾਏਗਾ ਅਤੇ ਇਸਨੂੰ ਕਿਸੇ ਹੋਰ ਗਵਾਹ ਦੀ ਗਵਾਹੀ ਵਾਂਗ ਹੀ ਤੁਹਾਡੀ ਗਵਾਹੀ ਮੰਨਿਆ ਜਾਏਗਾ।

ਜੇ ਕਮਿਸ਼ਨ ਨੇ ਤੁਹਾਡੀ ਗਵਾਹੀ ਰਿਕਾਰਡ ਕੀਤੀ ਹੈ, ਤਾਂ ਤੁਹਾਨੂੰ ਅਦਾਲਤ ਦੀ ਸੁਣਵਾਈ ਵਿਚ ਆਮ ਤੌਰ ਤੇ ਗਵਾਹੀ ਨਹੀਂ ਦੇਣੀ ਪਏਗੀ।

ਜੇ ਤੁਹਾਨੂੰ ਗਵਾਹ ਵਜੋਂ ਤਲਬ ਕਰਨ ਵਾਲਾ ਵਿਅਕਤੀ ਇਸ ਵਿਸ਼ੇਸ਼ ਉਪਾ ਨੂੰ ਇਸਤੇਮਾਲ ਕਰਨ ਬਾਰੇ ਸੋਚ ਰਿਹਾ ਹੈ, ਤਾਂ ਉਸਨੂੰ ਤੁਹਾਨੂੰ ਇਸ ਬਾਰੇ ਕਿ ਇਸਦਾ ਕੀ ਮਤਲਬ ਹੈ, ਅਤੇ ਇਹ ਕਿਸ ਤਰ੍ਹਾਂ ਕੀਤਾ ਜਾਏਗਾ, ਸਮਝਾਉਣਾ ਪਏਗਾ।

# ਤੁਹਾਡੇ ਵਿਚਾਰ

ਜਿਸ ਵਿਅਕਤੀ ਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ, ਜੇ ਉਹ ਇਹ ਸੋਚਦਾ ਹੈ ਕਿ ਤੁਸੀਂ ਇਕ ਵਲਨਰਏਬਲ ਗਵਾਹ ਮੰਨੇ ਜਾ ਸਕਦੇ ਹੋ, ਉਹ ਤੁਹਾਨੂੰ ਵਿਸ਼ੇਸ਼ ਉਪਾਉ ਬਾਰੇ ਅਤੇ ਇਨ੍ਹਾਂ ਨੂੰ ਕਿਵੇਂ ਇਸਤੇਮਾਲ ਕਰਨਾ ਹੈ, ਬਾਰੇ ਦੱਸੇਗਾ। ਉਹ ਇਸ ਬਾਰੇ ਤੁਹਾਡੇ ਵਿਚਾਰ ਪੁੱਛੇਗਾ ਕਿ ਕੀ ਇਨ੍ਹਾਂ ਚੋਂ ਕੋਈ ਵਿਸੇਸ਼ ਉਪਾ ਤੁਹਾਨੂੰ ਤੁਹਾਡੀ ਗਵਾਹੀ ਬਿਹਤਰ ਉਪਾ ਨਾਲ ਦੇਣ ਵਿਚ ਸਹਾਇਤਾ ਕਰ ਸਕਦਾ ਹੈ ਅਤੇ ਇਨ੍ਹਾਂ ਵਿਚੋਂ ਤੁਸੀਂ ਕਿਹੜਾ ਇਸਤੇਮਾਲ ਕਰਨਾ ਪਸੰਦ ਕਰੋਗੇ। ਉਹ ਤੁਹਾਨੂੰ ਇਹ ਵੀ ਦੱਸੇਗਾ ਕਿ ਅਦਾਲਤ ਨੂੰ ਦਿੱਤੀ ਜਾਣ ਵਾਲੀ ਅਰਜ਼ੀ ਵਿਚ ਕਿਹੜੀ ਕਿਹੜੀ ਜਾਣਕਾਰੀ ਸ਼ਾਮਲ ਕੀਤੀ ਜਾਏਗੀ।

ਸਾਰੇ ਵਲਨਰਏਬਲ ਗਵਾਹ ਵਿਸ਼ੇਸ਼ ਉਪਾ ਇਸਤੇਮਾਲ ਕਰਨਾ ਨਹੀਂ ਚਾਹੁਣਗੇ। ਤੁਸੀਂ ਵੀ ਭਾਵੇਂ ਖ਼ਾਸ ਖ਼ਤਰਾ ਮਹਿਸੂਸ ਕਰ ਰਹੇ ਹੋਵੋਗੇ ਤਾਂ ਵੀ ਹੋ ਸਕਦਾ ਹੈ, ਕਿਸੇ ਵਿਸ਼ੇਸ਼ ਉਪਾ ਦੇ ਇਸਤੇਮਾਲ ਬਿਨਾਂ ਗਵਾਹੀ ਦੇਣੀ ਪਸੰਦ ਕਰੋਗੇ। ਪਰ ਕੁਝ ਕੇਸਾਂ ਵਿਚ, ਜੱਜ ਜਾਂ ਸ਼ੈਰਿਫ਼ ਆਪ ਹੀ ਇਹ ਫ਼ੈਸਲਾ ਕਰ ਸਕਦੇ ਹਨ ਕਿ ਤੁਹਾਡੇ ਗਵਾਹੀ ਦੇਣ ਦੌਰਾਨ, ਤੁਹਾਡੇ ਲਈ ਵਿਸ਼ੇਸ਼ ਉਪਾ ਦਾ ਇਸਤੇਮਾਲ ਕਰਨਾ ਤੁਹਾਡੇ ਸਭ ਤੋਂ ਵਧ ਹਿਤ ਵਿਚ ਹੋਏਗਾ।

ਜਿਸ ਵਿਅਕਤੀ ਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ, ਤੁਸੀਂ ਉਸ ਨਾਲ ਆਪਣੇ ਵਿਸ਼ੇਸ਼ ਹਾਲਾਤ ਦੱਸ ਕੇ ਗੱਲ ਕਰੋ ਅਤੇ ਅਦਾਲਤ ਵਿਚ ਮੁਕੱਦਮੇ ਬਾਰੇ ਆਪਣੀ ਰਾਇ ਦੱਸਦਿਆਂ ਇਹ ਵੀ ਦੱਸੋ ਕਿ ਵਿਸ਼ੇਸ਼ ਉਪਾਉ ਵਿਚੋਂ ਤੁਹਾਡੀ ਸਹਾਇਤਾ ਸਭ ਤੋਂ ਵਧ ਕਿਹੜਾ ਕਰ ਸਕੇਗਾ।

**ਅਦਾਲਤ ਤੁਹਾਡੀ ਅਰਜ਼ੀ ਵਿਚ ਦਿੱਤੀ ਜਾਣਕਾਰੀ ਤੇ ਵਿਚਾਰ ਕਰਨ ਦੇ ਬਾਅਦ ਹੀ ਇਹ ਫ਼ੈਸਲਾ ਕਰੇਗੀ ਕਿ ਕੀ ਤੁਹਾਨੂੰ ਇਕ ਵਿਸ਼ੇਸ਼ ਉਪਾ ਇਸਤੇਮਾਲ ਕਰਨ ਦੀ ਆਗਿਆ ਦਿੱਤੀ ਜਾਏ ਕਿ ਨਾ, ਅਤੇ ਤੁਹਾਡੇ ਹਾਲਾਤ ਵਿਚ ਕਿਹੜਾ ਵਿਸ਼ੇਸ਼ ਉਪਾ ਤੁਹਾਡੇ ਲਈ ਸਹੀ ਹੋ ਸਕਦਾ ਹੈ।**

## ਵਿਸ਼ੇਸ਼ ਉਪਾ ਦਾ ਇਸਤੇਮਾਲ

ਜੇ ਤੁਹਾਡੇ ਹਾਲਾਤ ਬਦਲ ਜਾਂਦੇ ਹਨ, ਜਾਂ ਤੁਸੀਂ ਉਸ ਵਿਸ਼ੇਸ਼ ਉਪਾ, ਜਿਸਨੂੰ ਤੁਸੀਂ ਸੋਚਿਆ ਸੀ ਕਿ ਸਭ ਤੋਂ ਵਧ ਸਹਾਇਕ ਹੋਏਗਾ, ਬਾਰੇ ਆਪਣੀ ਰਾਇ ਬਦਲ ਲਈ ਹੈ, ਤਾਂ ਤੁਸੀਂ ਇਹ ਗੱਲ ਉਸ ਵਿਅਕਤੀ ਨੂੰ ਦੱਸੋ, ਜਿਸਨੇ ਤੁਹਾਨੂੰ ਗਵਾਹ ਵਜੋਂ ਤਲਬ ਕੀਤਾ ਹੈ। ਉਹ ਤੁਹਾਡੇ ਨਾਲ ਹੋਰ ਵਿਕਲਪਿਕ ਵਿਸ਼ੇਸ਼ ਉਪਾਉ ਬਾਰੇ ਵਿਚਾਰ ਕਰੇਗਾ ਅਤੇ ਇਹ ਵੀ ਸੋਚੇਗਾ ਕਿ ਕੀ ਅਦਾਲਤ ਨੂੰ ਅਰਜ਼ੀ ਦੇਣੀ ਚਾਹੀਦੀ ਹੈ ਕਿ ਨਹੀਂ।

ਸਭ ਕੇਸਾਂ ਵਿਚ, ਅਦਾਲਤ ਲਈ ਉਨ੍ਹਾਂ ਇੰਤਜ਼ਾਮਾਂ ਦਾ ਜਿਹੜੇ ਤੁਹਾਡੇ ਗਵਾਹੀ ਲਈ ਕੀਤੇ ਗਏ ਹਨ, ਜਾਇਜ਼ਾ ਲੈਣਾ ਸੰਭਵ ਹੈ। ਇਸਦਾ ਮਤਲਬ ਹੈ ਕਿ ਬੇਸ਼ਕ ਤੁਸੀਂ ਗਵਾਹੀ ਦੇਣੀ ਸ਼ੁਰੂ ਕਰ ਦਿੱਤੀ ਹੈ, ਅਦਾਲਤ ਤੁਹਾਨੂੰ ਕੋਈ ਵਿਸੇਸ਼ ਉਪਾ ਦੇ ਇਸਤੇਮਾਲ ਦੀ ਇਜ਼ਾਜ਼ਤ ਦੇਣ ਬਾਰੇ ਸੋਚ ਸਕਦੀ ਹੈ, ਜਾਂ ਜਿਹੜਾ ਵਿਸ਼ੇਸ਼ ਉਪਾ ਤੁਸੀਂ ਇਸਤੇਮਾਲ ਕਰ ਰਹੇ ਹੋ, ਉਸਨੂੰ ਬਦਲ ਸਕਦੀ ਹੈ।

ਅਦਾਲਤ ਇਹ ਸਭ ਕਰ ਸਕਦੀ ਹੈ, ਜੇ ਉਹ ਇਹ ਵਿਸ਼ਵਾਸ਼ ਕਰਦੀ ਹੈ ਕਿ ਤੁਹਾਡੀ ਖ਼ਾਸ ਤਰ੍ਹਾਂ ਦੀ ਅਸੁਰੱਖਿਅਤ ਹੋਣ ਦੀ ਭਾਵਨਾ ਦਾ ਅਸਰ ਤੁਹਾਡੀ ਗਵਾਹੀ ਦੀ ਕੁਆਲਿਟੀ ਤੇ ਵੀ ਪੈ ਸਕਦਾ ਹੈ।

ਇਸ ਕਿਤਾਬਚੀ ਨੂੰ ਪੜ੍ਹਨ ਮਗਰੋਂ, ਤੁਹਾਨੂੰ ਉਸ ਵਿਸ਼ੇਸ਼ ਉਪਾ ਦਾ ਪਤਾ ਤਾਂ ਲੱਗ ਹੀ ਚੁਕਾ ਹੋਵੇਗਾ, ਜੋ ਤੁਹਾਡੇ ਲਈ ਸਭ ਤੋਂ ਵਧ ਸਹਾਇਕ ਹੋ ਸਕਦਾ ਹੈ, ਜਾਂ ਤੁਸੀਂ ਫ਼ੈਸਲਾ ਕੀਤਾ ਹੈ ਕਿ ਅਦਾਲਤ ਨੂੰ ਇਕ ਵਾਰ ਵੇਖ ਆਉਣਾ ਵੀ ਸਹਾਇਤਾ ਕਰ ਸਕਦਾ ਹੈ, ਜਾਂ ਜੇ ਤੁਸੀਂ ਟੈਲੀਵਿਯਨ ਲਿੰਕ ਦਾ ਵਿਸ਼ੇਸ਼ ਉਪਾ ਇਸਤੇਮਾਲ ਕਰਨ ਬਾਰੇ ਸੋਚ ਰਹੇ ਹੋ, ਤਾਂ ਟੈਲੀਵਿਯਨ ਲਿੰਕ ਰੂਮ ਵਿਚ ਜਾਣਾ ਸਹੀ ਹੋਵੇਗਾ। ਅਦਾਲਤ ਦਾ ਚਿੱਤਰ ਇਕ ਸੀਡੀ-ਰੋਮ ਦੇ ਇਸਤੇਮਾਲ ਨਾਲ ਵੇਖਣਾ ਵੀ ਸੰਭਵ ਹੋਏਗਾ ਅਤੇ ਤੁਸੀਂ ਇਹ ਵੀ ਵੇਖੋਗੇ ਕਿ ਹਰ ਵਿਸ਼ੇਸ਼ ਉਪਾ ਕਿਵੇਂ ਇਸਤੇਮਾਲ ਕੀਤਾ ਜਾਂਦਾ ਹੈ।

ਇਹ ਯਾਦ ਰਖਣਾ ਅਹਿਮ ਹੈ ਕਿ ਅਦਾਲਤ ਇਕ ਗਵਾਹ ਵਜੋਂ ਹਮੇਸ਼ਾ ਤੁਹਾਡੇ ਸਭ ਤੋਂ ਵਧ ਹਿਤਾਂ ਦਾ ਧਿਆਨ ਰਖੇਗੀ ਪਰ ਉਹ ਇਨਸਾਫ਼ ਅਤੇ ਮੁਕੱਦਮੇ ਦੀ ਕਾਰਵਾਈ ਅਤੇ ਸੁਣਵਾਈ ਵਿਚ ਨਿਆਂ ਦਾ ਵੀ ਪੂਰਾ ਧਿਆਨ ਰਖੇਗੀ।

# ਤੁਹਾਡੇ ਨੋਟਸ